**Office of Deputy Commissioner Fazilka**

ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ

(ਫਟਕਲ ਸ਼ਾਖਾ)

ਹੁਕਮ :-

ਸਰਕਾਰ ਵੱਲੋਂ ਆਮ ਜਨਤਾ ਨੂੰ ਮਹਾਂਮਾਰੀ ਤੋਂ ਬਚਾਉਣ ਲਈ ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਵੀ ਤਾਲਾ-ਬੰਦੀ ਅਤੇ ਕਰਫਿਊ ਮਿਤੀ 03-05-2020 ਤੱਕ ਵਧਾਇਆ ਗਿਆ ਹੈ ਤਾਂ ਜੋ ਆਮ ਜਨਤਾ ਨੂੰ ਇਸ ਮਹਾਂਮਾਰੀ ਤੋਂ ਬਚਾਇਆ ਜਾ ਸਕੇ।

ਇੱਟਾਂ ਦੀ ਸਪਲਾਈ ਸਬੰਧੀ :- ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਇੱਟਾਂ ਦੇ ਭੱਠੇ ਪਹਿਲਾਂ ਹੀ ਚੱਲ ਰਹੇ ਹਨ, ਪਰ ਭੱਠਾ ਐਸੋਸੀਏਸ਼ਨ ਵੱਲੋਂ ਮੰਗ ਕੀਤੀ ਗਈ ਹੈ ਕਿ ਕੁਝ ਥਾਵਾਂ ਤੇ ਉਸਾਰੀ ਦਾ ਕੰਮ ਚੱਲਦਾ ਹੋਣ ਕਰਕੇ ਇੱਟਾਂ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਭੱਠਾਂ ਮਾਲਕਾਨ ਨੂੰ ਇੱਟਾਂ ਦੀ ਸਪਲਾਈ ਕਰਨ ਵਿਚ ਕਾਫੀ ਮੁਸ਼ਕਿਲ ਆ ਰਹੀ ਹੈ। ਭੱਠਾ ਐਸੋਸੀਏਸ਼ਨ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਫਾਜ਼ਿਲਕਾ ਵਿਚ ਭੱਠਾ ਮਾਲਕਾਨ ਨੂੰ ਸਵੇਰੇ 05:00 ਵਜੇ ਤੋਂ ਸਵੇਰੇ 11:00 ਵਜੇ ਤੱਕ ਇੱਟਾਂ ਸਪਲਾਈ ਕਰਨ ਦੀ ਆਗਿਆ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇੱਟਾਂ ਸਪਲਾਈ ਕਰਨ ਵਾਲੇ ਵਹੀਕਲ ਦੇ ਡਰਾਈਵਰ ਤੋਂ ਇਲਾਵਾ ਸਿਰਫ ਲੇਬਰ ਵਾਲੇ ਦੋ ਵਿਆਕਤੀਆਂ ਨੂੰ ਜਾਣ ਦੀ ਆਗਿਆ ਹੋਵੇਗੀ। ਭੱਠਾ ਮਾਲਕਾਨ ਵੱਲੋਂ ਭੱਠੇ ਉਪਰ ਕੰਮ ਕਰਨ ਵਾਲੇ ਸਮੂਹ ਕਾਮਿਆਂ ਅਤੇ ਇੱਟਾਂ ਸਪਲਾਈ ਕਰਨ ਵਾਲੇ ਡਰਾਈਵਰਾਂ/ਕਾਮਿਆਂ ਨੂੰ ਸਰਕਾਰ ਵੱਲੋਂ ਅਤੇ ਨਿਮਨ ਹਸਤਾਖਰ ਵੱਲੋਂ ਕੋਵਿਡ-19 ਅਧੀਨ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ। ਇਸ ਤੋਂ ਇਲਾਵਾ ਇੱਕ ਡਰਾਈਵਰ ਅਤੇ ਲੇਬਰ ਵਾਲੇ ਦੋ ਵਿਅਕੀਤਆਂ ਦੀ ਮੈਡੀਕਲ ਜਾਂਚ ਹੋਣ ਉਪਰੰਤ ਹੀ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਫਾਜ਼ਿਲਕਾ ਵੱਲੋਂ ਕਰਫਿਊ ਪਾਸ ਜਾਰੀ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 27-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਜ਼ਿਲ੍ਹਾ ਮੈਜਿਸਟ੍ਰੇਟ ਫਾਜ਼ਿਲਕਾ

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

ਪਿੱਠ ਅੰਕਣ ਨੰ. 9193 – 9203 /ਐਮ.ਸੀ-3/ ਐਮ.ਏ/ਮਿਤੀ 27-04-2020

ਇਸ ਦਾ ਇੱਕ ਉਤਾਰਾ

1 ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ।

2 ਵਧੀਕ ਡਿਪਟੀ ਕਮਿਸ਼ਨਰ (ਜਨ)/(ਵਿਕਾਸ) ਫਾਜ਼ਿਲਕਾ।

3 ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਫਾਜ਼ਿਲਕਾ।

4 ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਫਾਜ਼ਿਲਕਾ।

5 ਡੀ.ਆਈ.ਓ.ਐਨ.ਆਈ.ਸੀ. ਫਾਜ਼ਿਲਕਾ

6 ਸਮੂਹ ਭੱਠਾ ਐਸੋਸੀਏਸ਼ਨ ਜ਼ਿਲ੍ਹਾ ਫਾਜ਼ਿਲਕਾ।

7 ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner